# Foreign Secretary's Visit to Maldives (November 9-10, 2020)

November 06, 2020

## ਵਿਦੇਸ਼ ਸਕੱਤਰ ਦੀ ਮਾਲਦੀਵ ਦੀ ਫੇਰੀ (9-10 ਨਵੰਬਰ, 2020)

6 ਨਵੰਬਰ, 2020

ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼੍ਰੀਂਗਲਾ 9-10 ਨਵੰਬਰ 2020 ਨੂੰ ਮਾਲਦੀਵ ਦੀ ਅਧਿਕਾਰਕ ਫੇਰੀ 'ਤੇ ਜਾਣਗੇ। COVID - 19 ਮਹਾਂਮਾਰੀ ਨਾਲ ਪਈ ਅੜਚਨ ਤੋਂ ਬਾਅਦ ਹੋ ਰਹੀ ਇਹ ਮੁਲਾਕਾਤ ਦੋਵਾਂ ਧਿਰਾਂ ਵਿਚਾਲੇ ਪਹਿਲੀ ਉੱਚ ਪੱਧਰੀ ਵਿਅਕਤੀਗਤ ਵਾਰਤਾ ਹੋਵੇਗੀ।

ਭਾਰਤੀ ਵਿਦੇਸ਼ ਸਕੱਤਰ ਰਾਸ਼ਟਰਪਤੀ ਇਬਰਾਹਿਮ ਮੁਹੰਮਦ ਸੋਲੀਹ ਨਾਲ ਮੁਲਾਕਾਤ ਕਰਨਗੇ ਅਤੇ ਵਿਦੇਸ਼, ਰੱਖਿਆ, ਵਿੱਤ, ਆਰਥਿਕ ਵਿਕਾਸ, ਯੋਜਨਾਬੰਦੀ, ਗ੍ਰਹਿ ਮਾਮਲੇ, ਸੈਰ ਸਪਾਟਾ ਅਤੇ ਯੁਵਕ ਅਤੇ ਖੇਡਾਂ ਨਾਲ ਸਬੰਧਤ ਮੰਤਰੀਆਂ ਨਾਲ ਠੋਸ ਵਿਚਾਰ ਵਟਾਂਦਰੇ ਕਰਨਗੇ। ਵਿਦੇਸ਼ ਸਕੱਤਰ ਸਪੀਕਰ ਮੁਹੰਮਦ ਨਸ਼ੀਦ ਨੂੰ ਵੀ ਮਿਲਣਗੇ ਅਤੇ ਹੋਰ ਰਾਜਨੀਤਿਕ ਨੇਤਾਵਾਂ ਨਾਲ ਵੀ ਮੁਲਾਕਾਤ ਕਰਨਗੇ।

ਭਾਰਤ ਦੀ 'ਪਹਿਲਾਂ ਗੁਆਂਢੀ' ਨੀਤੀ ਵਿੱਚ ਮਾਲਦੀਵ ਦਾ ਉਚੇਚਾ ਥਾਂ ਹੈ। ਮਾਲਦੀਵ ਨਾਲ ਇਹ ਪੁਰਾਣਾ ਅਤੇ ਸਦੀਵੀ ਸੰਬੰਧ ਹਾਲੀਆ ਮਹੀਨਿਆਂ ਵਿੱਚ ਹੋਰ ਮਜ਼ਬੂਤ ਅਤੇ ਡੂੰਘਾ ਹੋਇਆ ਹੈ। ਭਾਰਤ ਨੇ ਮਾਲਦੀਵ ਨੂੰ COVID ਸੰਕਟ ਨਾਲ ਨਜਿੱਠਣ ਲਈ ਮਦਦ ਦੇਣ ਦਾ ਹੁੰਗਾਰਾ ਦਿੱਤਾ ਹੈ।

ਵਿਦੇਸ਼ ਸਕੱਤਰ ਸਾਡੇ ਦੁਵੱਲੇ ਸਬੰਧਾਂ ਦੇ ਪੂਰੇ ਵਿਸਥਾਰ ਅਤੇ ਮੌਜੂਦਾ ਦੁਵੱਲੇ ਪ੍ਰਾਜੈਕਟਾਂ ਦੀ ਤਰੱਕੀ ਦਾ ਜਾਇਜ਼ਾ ਲੈਣਗੇ ਅਤੇ COVID ਤੋਂ ਬਾਅਦ ਦੀ ਆਰਥਿਕ ਬਹਾਲੀ ਲਈ ਮਾਲਦੀਵ ਨੂੰ ਭਾਰਤ ਵੱਲੋਂ ਲਗਾਤਾਰ ਮਦਦ ਦੇਣ ਸਮੇਤ COVID ਦੇ ਮੌਜੂਦਾ ਹਾਲਾਤ ਬਾਰੇ ਵਿਚਾਰ ਵਟਾਂਦਰਾ ਕਰਨਗੇ।

ਵਿਦੇਸ਼ ਸਕੱਤਰ ਦੀ ਇਹ ਫੇਰੀ ਭਾਰਤ ਵੱਲੋਂ ਮਾਲਦੀਵ ਨਾਲ ਆਪਣੇ ਸਬੰਧਾਂ ਨੂੰ ਦਿੱਤੀ ਜਾ ਰਹੀ ਮਹੱਤਤਾ ਦਾ ਸਬੂਤ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਇਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਭਾਈਵਾਲੀ ਨੂੰ ਹੋਰ ਰਫਤਾਰ ਮਿਲੇਗੀ।

ਨਵੀਂ ਦਿੱਲੀ
6 ਨਵੰਬਰ, 2020

DISCLAIMER: This is an approximate translation. The original is available in English on MEA's website and may be referred to as the official press release.